# ਕੇਂਦਰੀ ਬਜਟ ਵਿੱਤੀ ਸਾਲ 2026-27: ਭਾਰਤ ਦੇ ਸੇਵਾਵਾਂ ਦੇ ਨਿਰਯਾਤ ਨੂੰ ਵਧਾਉਣਾ

## ਭਾਰਤ ਦੇ ਮਜ਼ਬੂਤ ਸੇਵਾਵਾਂ ਨਿਰਯਾਤ ਪ੍ਰਦਰਸ਼ਨ ਵਿੱਚ ਵਾਧਾ ਹੋਇਆ ਹੈ

**ਮੁੱਖ ਗੱਲਾਂ**

- ਵਿੱਤੀ ਸਾਲ 2026 ਦੇ ਅਪ੍ਰੈਲ-ਜਨਵਰੀ ਵਿੱਚ ਸੇਵਾਵਾਂ ਦਾ ਨਿਰਯਾਤ 348.4 ਬਿਲੀਅਨ ਅਮਰੀਕੀ ਡਾਲਰ ਤੱਕ ਪਹੁੰਚ ਗਿਆ।
- ਵਿੱਤੀ ਸਾਲ 2026 ਦੀ ਪਹਿਲੀ ਛਿਮਾਹੀ (ਅਪ੍ਰੈਲ-ਸਤੰਬਰ) ਵਿੱਚ ਸੇਵਾਵਾਂ ਦਾ ਨਿਰਯਾਤ ਕੁੱਲ ਘਰੇਲੂ ਉਤਪਾਦ (GDP) ਦੇ 10 ਪ੍ਰਤੀਸ਼ਤ ਤੱਕ ਪਹੁੰਚ ਗਿਆ।
- ਭਾਰਤ ਦੇ ਸੇਵਾਵਾਂ ਦੇ ਨਿਰਯਾਤ ਵਿੱਚ ਸਾਫਟਵੇਅਰ ਸੇਵਾਵਾਂ ਦਾ ਦਬਦਬਾ ਰਿਹਾ, ਜਦਕਿ ਪੇਸ਼ੇਵਰ ਅਤੇ ਸਲਾਹਕਾਰ ਸੇਵਾਵਾਂ ਮੁੱਖ ਵਿਕਾਸ ਚਾਲਕਾਂ ਵਜੋਂ ਉਭਰੀਆਂ।
- ਕੇਂਦਰੀ ਬਜਟ 2026-27 ਨੇ ਭਾਰਤ ਵਿੱਚ ਸਥਿਤ ਬੁਨਿਆਦੀ ਢਾਂਚੇ ਦੀ ਵਰਤੋਂ ਕਰਦੇ ਹੋਏ ਗਲੋਬਲ ਗਾਹਕਾਂ ਨੂੰ ਕਲਾਉਡ ਸੇਵਾਵਾਂ ਪ੍ਰਦਾਨ ਕਰਨ ਵਾਲੀਆਂ ਵਿਦੇਸ਼ੀ ਕੰਪਨੀਆਂ ਲਈ 2047 ਤੱਕ ਟੈਕਸ ਛੋਟਾਂ ਦੇ ਪ੍ਰਬੰਧਾਂ ਦਾ ਐਲਾਨ ਕੀਤਾ, IT ਸੇਵਾਵਾਂ ਲਈ ਸੁਰੱਖਿਅਤ ਬੰਦਰਗਾਹ ਸੁਧਾਰ, ਅਤੇ ਬਿਹਤਰ ਐਡਵਾਂਸ ਕੀਮਤ ਸਮਝੌਤੇ (APA) ਵਿੱਚ ਸੁਧਾਰ ਪ੍ਰਾਵਧਾਨਾਂ ਦਾ ਐਲਾਨ ਕੀਤਾ ਗਿਆ।
- ਗਲੋਬਲ ਸਮਰੱਥਾ ਕੇਂਦਰਾਂ (GCCs), AI ਸਮਰੱਥਾਵਾਂ, ਅਤੇ ਬਿਹਤਰ ਗਲੋਬਲ ਮਾਰਕਿਟ ਪਹੁੰਚ ਭਾਰਤ ਦੇ ਸੇਵਾਵਾਂ ਦੇ ਨਿਰਯਾਤ ਵਿੱਚ ਵਾਧੇ ਨੂੰ ਵਧਾ ਰਹੇ ਹਨ।

**ਜਾਣ-ਪਛਾਣ**

ਭਾਰਤ ਦਾ ਸੇਵਾ ਖੇਤਰ, ਅਰਥਵਿਵਸਥਾ ਦੇ ਸਭ ਤੋਂ ਮਜ਼ਬੂਤ ਪ੍ਰਦਰਸ਼ਨ ਕਰਨ ਵਾਲੇ ਖੇਤਰਾਂ ਵਿੱਚੋਂ ਇੱਕ ਵਜੋਂ ਉਭਰਿਆ ਹੈ, ਜੋ ਵਿਕਾਸ, ਉਤਪਾਦਕਤਾ ਅਤੇ ਵਿਸ਼ਵਵਿਆਪੀ ਏਕੀਕਰਣ ਨੂੰ ਅੱਗੇ ਵਧਾਉਣ ਵਿੱਚ ਮੁੱਖ ਭੂਮਿਕਾ ਨਿਭਾਉਂਦਾ ਹੈ। ਵਿਸ਼ਵ ਬੈਂਕ ਦੇ ਅਨੁਸਾਰ , ਭਾਰਤ ਦੇ ਕੁੱਲ ਘਰੇਲੂ ਉਤਪਾਦ (GDP) ਵਿੱਚ ਸੇਵਾਵਾਂ ਦਾ ਹਿੱਸਾ 2024 ਵਿੱਚ 49.9 ਪ੍ਰਤੀਸ਼ਤ ਤੱਕ ਵਧਣ ਦਾ ਅਨੁਮਾਨ ਹੈ, ਜੋ ਕਿ ਮਹਾਮਾਰੀ ਤੋਂ ਪਹਿਲਾਂ ਦੇ ਔਸਤ ਨਾਲੋਂ ਲਗਭਗ 1.5 ਪ੍ਰਤੀਸ਼ਤ ਵੱਧ ਹੈ। ਇਹ ਵਾਧਾ ਵਿਸ਼ਵਵਿਆਪੀ ਔਸਤ ਅਤੇ ਜ਼ਿਆਦਾਤਰ ਵਿਕਸਿਤ ਅਰਥਵਿਵਸਥਾਵਾਂ ਨਾਲੋਂ ਬਹੁਤ ਜ਼ਿਆਦਾ ਹੈ। ਇਹ ਵਿਸਥਾਰ ਡਿਜੀਟਲ ਟੈਕਨੋਲੋਜੀ ਨੂੰ ਤੇਜ਼ੀ ਨਾਲ ਅਪਣਾਉਣ ਅਤੇ ਭਾਰਤੀ ਕੰਪਨੀਆਂ ਦੀ ਗਲੋਬਲ ਵੈਲਿਊ ਚੇਨ ਵਿੱਚ ਡੂੰਘਾਈ ਨਾਲ ਏਕੀਕ੍ਰਿਤ ਹੋਣ ਕਾਰਨ ਉਤਪਾਦਕਤਾ ਵਿੱਚ ਸੁਧਾਰ ਦੁਆਰਾ ਚਲਾਇਆ ਗਿਆ ਹੈ।

ਕੇਂਦਰੀ ਬਜਟ 2026-27 ਆਈਟੀ ਸੇਵਾਵਾਂ ਲਈ ਟੀਚਾਬੱਧ ਟੈਕਸ ਸੁਧਾਰਾਂ, ਕਲਾਉਡ ਅਤੇ ਡੇਟਾ ਸੈਂਟਰਾਂ ਲਈ ਪ੍ਰੋਤਸਾਹਨ, ਸਰਲ ਪਾਲਣਾ ਵਿਧੀਆਂ, ਅਤੇ ਸੇਵਾਵਾਂ ਵਪਾਰ ਵਿੱਚ ਭਾਰਤ ਦੀ ਵਿਸ਼ਵਵਿਆਪੀ ਮੁਕਾਬਲੇਬਾਜ਼ੀ ਨੂੰ

ਵਧਾਉਣ ਦੇ ਉਦੇਸ਼ ਨਾਲ ਕਾਰੋਬਾਰ ਕਰਨ ਵਿੱਚ ਅਸਾਨੀ ਦੇ ਉਪਾਵਾਂ ਰਾਹੀਂ ਇਸ ਦਿਸ਼ਾ ਨੂੰ ਹੋਰ ਮਜ਼ਬੂਤ ਕਰਦਾ ਹੈ। ਇਹ 2047 ਤੱਕ 10 ਪ੍ਰਤੀਸ਼ਤ ਗਲੋਬਲ ਮਾਰਕਿਟ ਹਿੱਸੇਦਾਰੀ ਦੇ ਨਾਲ, ਭਾਰਤ ਨੂੰ ਸੇਵਾਵਾਂ ਵਿੱਚ ਇੱਕ ਵਿਸ਼ਵਵਿਆਪੀ ਨੇਤਾ ਬਣਨ ਦੀ ਕਲਪਨਾ ਵੀ ਕਰਦਾ ਹੈ। ਇਸ ਟੀਚੇ ਨੂੰ ਪ੍ਰਾਪਤ ਕਰਨ ਲਈ, ਇਹ 'ਵਿਕਸਿਤ ਭਾਰਤ ਲਈ ਸਿੱਖਿਆ ਤੋਂ ਸਸ਼ਕਤੀਕਰਣ ਅਤੇ ਉੱਦਮਤਾ' 'ਤੇ ਇੱਕ ਉੱਚ-ਪੱਧਰੀ ਸਥਾਈ ਕਮੇਟੀ ਦੀ ਸਥਾਪਨਾ ਦਾ ਪ੍ਰਸਤਾਵ ਰੱਖਦਾ ਹੈ।

ਇਹ ਕਮੇਟੀ ਉੱਚ - ਸੰਭਾਵੀ ਸੇਵਾਵਾਂ ਉਪ-ਖੇਤਰਾਂ ਦੀ ਪਛਾਣ ਕਰਨ 'ਤੇ ਧਿਆਨ ਕੇਂਦ੍ਰਿਤ ਕਰੇਗੀ ਜੋ ਵਿਕਾਸ ਅਤੇ ਨੌਕਰੀਆਂ ਦੀ ਸਿਰਜਣਾ ਨੂੰ ਅੱਗੇ ਵਧਾਉਣ ਦੇ ਸਮਰੱਥ ਹਨ। ਇਹ ਅੰਤਰ-ਖੇਤਰੀ ਨੀਤੀ ਅਤੇ ਰੈਗੂਲੇਟਰੀ ਮੁੱਦਿਆਂ 'ਤੇ ਵੀ ਵਿਚਾਰ ਕਰੇਗੀ, ਜਿਸ ਵਿੱਚ ਮਿਆਰ ਅਤੇ ਮਾਨਤਾ ਢਾਂਚੇ ਸ਼ਾਮਲ ਹਨ, ਅਤੇ ਭਾਰਤ ਦੀਆਂ ਸੇਵਾਵਾਂ ਦੇ ਨਿਰਯਾਤ ਨੂੰ ਹੋਰ ਵਧਾਉਣ ਦੇ ਤਰੀਕੇ ਖੋਜੇਗੀ। ਇਹ ਕਮੇਟੀ ਰੁਜ਼ਗਾਰ ਅਤੇ ਹੁਨਰਾਂ 'ਤੇ ਆਰਟੀਫਿਸ਼ੀਅਲ ਇੰਟੈਲੀਜੈਂਸ (AI) ਅਤੇ ਉੱਭਰ ਰਹੀਆਂ ਤਕਨਾਲੋਜੀਆਂ ਦੇ ਪ੍ਰਭਾਵ ਦਾ ਮੁਲਾਂਕਣ ਵੀ ਕਰੇਗੀ, ਅਤੇ ਸਿੱਖਿਆ ਵਿੱਚ AI ਦੇ ਏਕੀਕਰਣ, ਕਾਰਜਬਲ ਦੇ ਹੁਨਰ ਨੂੰ ਵਧਾਉਣ ਅਤੇ ਮੁੜ ਹੁਨਰਮੰਦ ਬਣਾਉਣ, AI-ਸਮਰੱਥ ਨੌਕਰੀ ਮਿਲਣ, ਗੈਰ-ਰਸਮੀ ਕੰਮ ਦਾ ਰਸਮੀਕਰਣ ਅਤੇ ਵਿਸ਼ਵਵਿਆਪੀ ਪ੍ਰਤਿਭਾ ਅਤੇ ਹੁਨਰਮੰਦ ਪ੍ਰਵਾਸੀ ਭਾਰਤੀਆਂ ਨੂੰ ਆਕਰਸ਼ਿਤ ਕਰਨ ਲਈ ਉਪਾਅ ਪ੍ਰਸਤਾਵਿਤ ਕਰੇਗੀ।

ਸੇਵਾ ਖੇਤਰ ਦੇ ਵਿਕਾਸ ਦੇ ਨਾਲ, ਸੇਵਾ ਵਪਾਰ ਭਾਰਤ ਦੇ ਬਾਹਰੀ ਖੇਤਰ ਦੇ ਪ੍ਰਦਰਸ਼ਨ ਵਿੱਚ ਇੱਕ ਮਹੱਤਵਪੂਰਨ ਯੋਗਦਾਨ ਪਾਉਣ ਵਾਲੇ ਵਜੋਂ ਉਭਰਿਆ ਹੈ, ਅਤੇ ਬਦਲਦੀਆਂ ਵਿਸ਼ਵਵਿਆਪੀ ਸਥਿਤੀਆਂ ਦੇ ਵਿਚਕਾਰ ਵਧਦਾ ਨਿਰਯਾਤ ਸਮੁੱਚੇ ਵਪਾਰ ਵਿਕਾਸ ਨੂੰ ਸਮਰਥਨ ਦੇ ਰਿਹਾ ਹੈ।

**ਭਾਰਤ ਦੇ ਸੇਵਾਵਾਂ ਨਿਰਯਾਤ ਦੇ ਪ੍ਰਦਰਸ਼ਨ ਅਤੇ ਕਾਰਕ**

**ਵਿਕਾਸ ਅਤੇ ਹਾਲੀਆ ਪ੍ਰਦਰਸ਼ਨ**

ਭਾਰਤੀ ਸੇਵਾਵਾਂ ਦੀ ਨਿਰੰਤਰ ਵਿਸ਼ਵਵਿਆਪੀ ਮੰਗ ਕਾਰਨ, ਭਾਰਤ ਦੇ ਸੇਵਾਵਾਂ ਨਿਰਯਾਤ ਵਿੱਚ ਵਿੱਤੀ ਸਾਲ2025-26 ਵਿੱਚ ਮਜ਼ਬੂਤ ਗਤੀ ਬਣਾਈ ਰੱਖਣ ਦਾ ਅਨੁਮਾਨ ਹੈ। ਅਪ੍ਰੈਲ-ਜਨਵਰੀ 2025-26 ਦੀ ਮਿਆਦ ਲਈ ਸੇਵਾਵਾਂ ਦਾ ਨਿਰਯਾਤ 348.4 ਬਿਲੀਅਨ ਅਮਰੀਕੀ ਡਾਲਰ ਹੋਣ ਦਾ ਅਨੁਮਾਨ ਹੈ।




**ਆਰਥਿਕ ਵਿਕਾਸ ਵਿੱਚ ਸੇਵਾ ਖੇਤਰ ਦਾ ਵਧਦਾ ਯੋਗਦਾਨ**

ਭੂ-ਰਾਜਨੀਤਿਕ ਉਥਲ-ਪੁਥਲ ਦੇ ਵਿਚਕਾਰ, ਸੇਵਾਵਾਂ ਦੇ ਨਿਰਯਾਤ ਭਾਰਤ ਦੇ ਬਾਹਰੀ ਖੇਤਰ ਲਈ ਇੱਕ ਮਹੱਤਵਪੂਰਨ ਬਫਰ ਵਜੋਂ ਉਭਰੇ ਹਨ, ਜੋ ਬਾਹਰੀ ਕਮਜ਼ੋਰੀਆਂ ਨੂੰ ਘਟਾਉਣ ਅਤੇ ਵਪਾਰ ਸਥਿਰਤਾ ਬਣਾਈ ਰੱਖਣ ਵਿੱਚ ਮਦਦ ਕਰਦੇ ਹਨ। ਸੇਵਾਵਾਂ ਦੇ ਨਿਰਯਾਤ ਦੀ ਵਧਦੀ ਮਹੱਤਤਾ ਸਮੁੱਚੀ ਆਰਥਿਕ ਗਤੀਵਿਧੀ ਵਿੱਚ ਉਨ੍ਹਾਂ ਦੇ ਵਧਦੇ ਯੋਗਦਾਨ ਤੋਂ ਸਾਫ ਝਲਕਦੀ ਹੈ।

ਜੀਡੀਪੀ ਵਿੱਚ ਵਧਦਾ ਹਿੱਸਾ : ਭਾਰਤ ਦਾ ਸੇਵਾ ਨਿਰਯਾਤ ਵਿੱਤੀ ਸਾਲ 2023-2025 ਦੌਰਾਨ ਜੀਡੀਪੀ ਦਾ ਔਸਤਨ 9.7 ਪ੍ਰਤੀਸ਼ਤ ਰਿਹਾ , ਜੋ ਕਿ ਮਹਾਮਾਰੀ ਤੋਂ ਪਹਿਲਾਂ ਦੇ ਸਮੇਂ ਵਿੱਚ 7.4 ਪ੍ਰਤੀਸ਼ਤ ਤੋਂ ਇੱਕ ਮਹੱਤਵਪੂਰਨ ਵਾਧਾ ਹੈ ਅਤੇ ਆਰਥਿਕ ਵਿਕਾਸ ਨੂੰ ਸਮਰਥਨ ਦੇਣ ਵਿੱਚ ਸੇਵਾ ਖੇਤਰ ਦੀ ਵਧਦੀ ਭੂਮਿਕਾ ਨੂੰ ਉਜਾਗਰ ਕਰਦਾ ਹੈ। ਇਹ ਯੋਗਦਾਨ ਵਿੱਤੀ ਸਾਲ 2026 ਦੇ ਪਹਿਲੀ ਛਿਮਾਹੀ ਵਿੱਚ ਹੋਰ ਮਜ਼ਬੂਤ ਹੋਇਆ, ਜੀਡੀਪੀ ਵਿੱਚ ਸੇਵਾਵਾਂ ਦੇ ਨਿਰਯਾਤ ਦਾ ਹਿੱਸਾ 10 ਪ੍ਰਤੀਸ਼ਤ ਤੱਕ ਵਧ ਗਿਆ, ਜੋ ਕਿ ਭਾਰਤ ਦੇ ਸੇਵਾਵਾਂ - ਅਗਵਾਈ ਵਾਲੇ ਵਿਕਾਸ ਮਾਰਗ ਦੇ ਨਿਰੰਤਰ ਵਿਸਥਾਰ ਅਤੇ ਲਚਕੀਲੇਪਣ ਨੂੰ ਦਰਸਾਉਂਦਾ ਹੈ।

ਕਿਰਤ ਬਜ਼ਾਰ ਸਥਿਰਤਾ ਦਾ ਸਮਰਥਨ ਕਰਨਾ : ਸੇਵਾ ਖੇਤਰ ਵੀ ਨੌਕਰੀਆਂ ਪੈਦਾ ਕਰਨ ਦੇ ਇੱਕ ਪ੍ਰਮੁੱਖ ਸਰੋਤ ਵਜੋਂ ਉਭਰਿਆ ਹੈ। ਇਹ ਕੁੱਲ ਰੁਜ਼ਗਾਰ ਦਾ ਲਗਭਗ 30 ਪ੍ਰਤੀਸ਼ਤ ਬਣਦਾ ਹੈ। ਪਿਛਲੇ ਛੇ ਸਾਲਾਂ ਵਿੱਚ, ਇਸ ਖੇਤਰ ਨੇ ਕੋਵਿਡ -19 ਤੋਂ ਬਾਅਦ ਦੀ ਆਰਥਿਕ ਰਿਕਵਰੀ ਵਿੱਚ ਲਗਭਗ 40 ਮਿਲੀਅਨ ਨੌਕਰੀਆਂ ਪੈਦਾ ਕੀਤੀਆਂ ਹਨ, ਜੋ ਕਿਰਤ ਬਜ਼ਾਰ ਵਿੱਚ ਝਟਕਿਆਂ ਦੇ ਵਿਰੁੱਧ ਇੱਕ ਮਹੱਤਵਪੂਰਨ ਬਫਰ ਵਜੋਂ ਇਸਦੀ ਭੂਮਿਕਾ ਨੂੰ ਉਜਾਗਰ ਕਰਦਾ ਹੈ।




**ਸੇਵਾਵਾਂ ਦੇ ਨਿਰਯਾਤ ਦੇ ਖੇਤਰੀ ਕਾਰਕ**

ਕੰਪਿਊਟਰ ਸਾਫਟਵੇਅਰ ਅਤੇ ਸੂਚਨਾ ਤਕਨਾਲੋਜੀ - ਯੋਗ ਸੇਵਾਵਾਂ ( ITES ) 'ਤੇ RBI ਦੇ ਸਰਵੇਖਣ ਅਨੁਸਾਰ, ਵਿੱਤੀ ਸਾਲ 2025 ਵਿੱਚ ਸਾਫਟਵੇਅਰ ਸੇਵਾਵਾਂ ਦੇ ਨਿਰਯਾਤ ਵਿੱਚ ਸਾਲ - ਦਰ - ਸਾਲ 7.3 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ, ਜੋ ਕਿ ਭਾਰਤ ਦੇ ਡਿਜੀਟਲ ਸੇਵਾਵਾਂ ਦੇ ਨਿਰਯਾਤ ਵਿੱਚ ਨਿਰੰਤਰ ਗਤੀ ਨੂੰ ਦਰਸਾਉਂਦਾ ਹੈ। ਇਸ ਮਿਆਦ ਦੌਰਾਨ, ਕੰਪਿਊਟਰ ਸੇਵਾਵਾਂ ਨੇ ਭਾਰਤ ਦੇ ਕੁੱਲ ਸਾਫਟਵੇਅਰ ਸੇਵਾਵਾਂ ਦੇ ਨਿਰਯਾਤ ਵਿੱਚ ਦੋ-ਤਿਹਾਈ ਤੋਂ ਵੱਧ ਹਿੱਸੇਦਾਰੀ ਕੀਤੀ, ਜਦਕਿ BPO ਸੇਵਾਵਾਂ ITES ਦੇ ਨਿਰਯਾਤ ਦਾ ਸਭ ਤੋਂ ਮਹੱਤਵਪੂਰਨ ਹਿੱਸਾ ਰਹੀਆਂ ਹਨ।

ਇਹ ਮਜ਼ਬੂਤ ਪ੍ਰਦਰਸ਼ਨ ਭਾਰਤ ਦੇ ਸੇਵਾ ਖੇਤਰ ਦੀ ਵਿਆਪਕ ਤਾਕਤ ਨੂੰ ਦਰਸਾਉਂਦਾ ਹੈ, ਜਿਸਨੂੰ ਸਾਫਟਵੇਅਰ, ਬੀਪੀਐੱਮ, ਸਲਾਹ-ਮਸ਼ਵਰਾ ਅਤੇ ਫਿਨਟੈੱਕ ਖੇਤਰਾਂ ਦੇ ਨਿਰੰਤਰ ਵਿਸਥਾਰ ਦੁਆਰਾ ਪ੍ਰਸਾਰਿਤ ਕੀਤਾ ਗਿਆ ਹੈ, ਜੋ ਸਮੁੱਚੇ ਸੇਵਾ ਨਿਰਯਾਤ ਨੂੰ ਅੱਗੇ ਵਧਾਉਂਦੇ ਰਹਿੰਦੇ ਹਨ। ਡਿਜੀਟਲ ਸੇਵਾਵਾਂ ਦੀ ਮਜ਼ਬੂਤ ਵਿਸ਼ਵਵਿਆਪੀ ਮੰਗ ਦੁਆਰਾ ਸੰਚਾਲਿਤ, ਸਾਫਟਵੇਅਰ ਸੇਵਾਵਾਂ ਦਾ ਸਭ ਤੋਂ ਵੱਡਾ ਹਿੱਸਾ ਬਣਿਆ ਹੋਇਆ ਹੈ। ਵਿੱਤੀ ਸਾਲ 2023-2025 ਦੌਰਾਨ 13.5 ਪ੍ਰਤੀਸ਼ਤ ਦੀ ਔਸਤ ਦਰ ਨਾਲ ਫੈਲਣ ਦਾ ਅਨੁਮਾਨ ਹੈ, ਜਦਕਿ ਵਿੱਤੀ ਸਾਲ 2016-2020 ਵਿੱਚ ਇਹ 4.7 ਪ੍ਰਤੀਸ਼ਤ ਸੀ। ਇਸ ਤੋਂ ਇਲਾਵਾ, ਹਾਲ ਹੀ ਦੇ ਵਰ੍ਹਿਆਂ ਵਿੱਚ ਪੇਸ਼ੇਵਰ ਸੇਵਾਵਾਂ ਦੇ ਨਿਰਯਾਤ ਵਿੱਚ ਤੇਜ਼ੀ ਆਈ ਹੈ, ਜੋ ਕਿ ਭਾਰਤ ਦੇ ਬਾਹਰੀ ਖੇਤਰ ਦੀ ਤਾਕਤ ਵਿੱਚ ਇਸ ਖੇਤਰ ਦੇ ਵਧ ਰਹੇ ਯੋਗਦਾਨ ਨੂੰ ਹੋਰ ਉਜਾਗਰ ਕਰਦੀ ਹੈ। ਵਿੱਤੀ ਸਾਲ 2023-2025 ਵਿੱਚ, ਕਾਰੋਬਾਰ ਅਤੇ ਪ੍ਰਬੰਧਨ ਸਲਾਹਕਾਰ ਖੇਤਰ ਦੂਜੇ ਸਭ ਤੋਂ ਵੱਡੇ ਯੋਗਦਾਨ ਪਾਉਣ ਵਾਲੇ ਵਜੋਂ ਉਭਰਿਆ ਹੈ, ਜੋ ਕਿ ਵਿੱਤੀ ਸਾਲ 2016-2020 ਵਿੱਚ 10.5 ਪ੍ਰਤੀਸ਼ਤ ਤੋਂ ਵਧ ਕੇ 25.9 ਪ੍ਰਤੀਸ਼ਤ ਜ਼ਿਆਦਾ ਹੋਇਆ ਹੈ । ਇਹ ਸਾਲ 2023-2025 ਵਿੱਚ ਵਧ ਕੇ 18.3 ਪ੍ਰਤੀਸ਼ਤ ਹੋ ਗਿਆ ਹੈ ।

ਇਹ ਸਾਰੇ ਖੇਤਰ ਮਿਲ ਕੇ ਸੇਵਾਵਾਂ ਦੇ ਨਿਰਯਾਤ ਵਿੱਚ 65 ਪ੍ਰਤੀਸ਼ਤ ਤੋਂ ਵੱਧ ਦਾ ਹਿੱਸਾ ਪਾਉਂਦੇ ਹਨ, ਜੋ ਕਿ ਸਰਹੱਦ ਪਾਰ ਅਤੇ ਗਿਆਨ - ਅਧਾਰਿਤ ਗਤੀਵਿਧੀਆਂ ਵਿੱਚ ਭਾਰਤ ਦੀ ਵਧ ਰਹੀ ਮੁਹਾਰਤ ਨੂੰ ਦਰਸਾਉਂਦਾ ਹੈ।

**ਬਜਟ ਸੇਵਾ ਖੇਤਰ 'ਤੇ ਜ਼ੋਰ ਦਿੰਦਾ ਹੈ: ਅਰਥਵਿਵਸਥਾ ਨੂੰ ਹੁਲਾਰਾ**

ਭਾਰਤ ਨੇ ਸਾਫਟਵੇਅਰ ਵਿਕਾਸ, ਆਈ.ਟੀ.- ਸਮਰਥਿਤ ਸੇਵਾਵਾਂ, ਗਿਆਨ ਪ੍ਰਕਿਰਿਆ ਆਊਟਸੋਰਸਿੰਗ, ਅਤੇ ਕਾਂਟ੍ਰੈਕਟ ਸਾਫਟਵੇਅਰ-ਸਬੰਧਿਤ ਖੋਜ ਅਤੇ ਵਿਕਾਸ ਸੇਵਾਵਾਂ ਵਿੱਚ ਆਪਣੇ ਆਪ ਨੂੰ ਇੱਕ ਵਿਸ਼ਵ ਨੇਤਾ ਵਜੋਂ ਸਥਾਪਿਤ ਕੀਤਾ ਹੈ। ਇਸ ਮਜ਼ਬੂਤ ਵਿਸ਼ਵਵਿਆਪੀ ਸਥਿਤੀ ਨੂੰ ਦੇਖਦੇ ਹੋਏ, ਕੇਂਦਰੀ ਬਜਟ 2026-27 ਵਿੱਚ ਆਈ.ਟੀ. ਅਤੇ ਆਈ.ਟੀ.- ਸਮਰਥਿਤ ਸੇਵਾਵਾਂ ਖੇਤਰ ਦੇ ਵਿਕਾਸ ਨੂੰ ਸਮਰਥਨ ਅਤੇ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਕਈ ਸੁਧਾਰਾਂ ਦਾ ਪ੍ਰਸਤਾਵ ਰੱਖਿਆ ਗਿਆ ਹੈ ।

**ਡਾਟਾ ਸੈਂਟਰ ਪ੍ਰੋਤਸਾਹਨਾਂ ਰਾਹੀਂ ਕਲਾਉਡ ਸੇਵਾਵਾਂ ਦੇ ਨਿਰਯਾਤ ਨੂੰ ਵਧਾਉਣਾ**

ਕੇਂਦਰੀ ਬਜਟ ਦੀਆਂ ਸਭ ਤੋਂ ਮਹੱਤਵਪੂਰਨ ਪਹਿਲਕਦਮੀਆਂ ਵਿੱਚੋਂ ਇੱਕ ਭਾਰਤ-ਅਧਾਰਿਤ ਡੇਟਾ ਸੈਂਟਰ ਬੁਨਿਆਦੀ ਢਾਂਚੇ ਰਾਹੀਂ ਕੰਮ ਕਰਨ ਵਾਲੇ ਗਲੋਬਲ ਕਲਾਉਡ ਸਰਵਿਸ ਪ੍ਰੋਵਾਈਡਰਸ ਨੂੰ ਆਕਰਸ਼ਿਤ ਕਰਨ ਲਈ ਪ੍ਰੋਤਸਾਹਨ ਦੀ ਸ਼ੁਰੂਆਤ ਹੈ। ਮਹੱਤਵਪੂਰਨ ਬੁਨਿਆਦੀ ਢਾਂਚੇ ਨੂੰ ਸਮਰੱਥ ਬਣਾਉਣ ਅਤੇ ਡੇਟਾ ਸੈਂਟਰਾਂ ਵਿੱਚ ਨਿਵੇਸ਼ ਨੂੰ ਉਤਸ਼ਾਹਿਤ ਕਰਨ ਦੀ ਜ਼ਰੂਰਤ ਨੂੰ ਪਛਾਣਦੇ ਹੋਏ, ਬਜਟ ਭਾਰਤ ਵਿੱਚ ਸਥਿਤ ਬੁਨਿਆਦੀ ਢਾਂਚੇ ਦੀ ਵਰਤੋਂ ਕਰਦੇ ਹੋਏ ਗਲੋਬਲ ਗਾਹਕਾਂ ਨੂੰ ਕਲਾਉਡ ਸੇਵਾਵਾਂ ਪ੍ਰਦਾਨ ਕਰਨ ਵਾਲੀਆਂ ਵਿਦੇਸ਼ੀ ਕੰਪਨੀਆਂ ਲਈ 2047 ਤੱਕ ਟੈਕਸ ਛੋਟਾਂ ਦਾ ਪ੍ਰਸਤਾਵ ਰੱਖਦਾ ਹੈ। ਇਸ ਤੋਂ ਇਲਾਵਾ, ਭਾਰਤ ਤੋਂ ਡੇਟਾ ਸੈਂਟਰ ਸੇਵਾਵਾਂ ਪ੍ਰਦਾਨ ਕਰਨ ਵਾਲੀਆਂ ਸਬੰਧਿਤ ਸੰਸਥਾਵਾਂ ਨੂੰ ਲਾਗਤ 'ਤੇ 15 ਪ੍ਰਤੀਸ਼ਤ ਦੇ ਸੁਰੱਖਿਅਤ ਲਾਭ ਹਾਸ਼ੀਏ ਤੋਂ ਲਾਭ ਪ੍ਰਾਪਤ ਕਰਨ ਦਾ ਪ੍ਰਸਤਾਵ ਹੈ।


**ਆਈਟੀ ਸੇਵਾਵਾਂ ਲਈ ਸੇਫ ਹਾਰਬਰ ਵਿੱਚ ਸੋਧਾਂ**

ਪਾਲਣਾ ਨੂੰ ਸਰਲ ਬਣਾਉਣ ਲਈ, ਕੇਂਦਰੀ ਬਜਟ ਵਿੱਚ ਸਾਫਟਵੇਅਰ ਵਿਕਾਸ ਸੇਵਾਵਾਂ, ਆਈ.ਟੀ.- ਸਮਰੱਥ ਸੇਵਾਵਾਂ, ਗਿਆਨ ਪ੍ਰਕਿਰਿਆ ਆਊਟਸੋਰਸਿੰਗ ਸੇਵਾਵਾਂ, ਅਤੇ ਇਕਰਾਰਨਾਮਾ ਸਾਫਟਵੇਅਰ ਵਿਕਾਸ ਨਾਲ ਸਬੰਧਿਤ ਖੋਜ ਅਤੇ ਵਿਕਾਸ ਸੇਵਾਵਾਂ ਨੂੰ ਸੂਚਨਾ ਤਕਨਾਲੋਜੀ ਸੇਵਾਵਾਂ ਦੀ ਇੱਕ ਸ਼੍ਰੇਣੀ ਦੇ ਅਧੀਨ ਇਕੱਠਾ ਕਰਨ ਦਾ ਪ੍ਰਸਤਾਵ ਹੈ । ਇਸਦਾ ਇੱਕ ਬਰਾਬਰ ਸੁਰੱਖਿਅਤ ਬੰਦਰਗਾਹ ਮਾਰਜਿਨ 15.5 ਪ੍ਰਤੀਸ਼ਤ ਹੋਵੇਗਾ । ਇਸ ਤੋਂ ਇਲਾਵਾ, ਆਈ.ਟੀ. ਸੇਵਾਵਾਂ ਲਈ ਸੁਰੱਖਿਅਤ ਬੰਦਰਗਾਹ ਸੀਮਾ 300 ਕਰੋੜ ਰੁਪਏ ਤੋਂ ਵਧਾ ਕੇ 2,000 ਕਰੋੜ ਰੁਪਏ ਕਰ ਦਿੱਤੀ ਗਈ ਹੈ।

ਸੁਰੱਖਿਅਤ ਬੰਦਰਗਾਹ ਪ੍ਰਬੰਧ ਨੂੰ ਟੈਕਸ ਅਧਿਕਾਰੀ ਦੀ ਲੋੜ ਤੋਂ ਬਗੈਰ ਇੱਕ ਸਵੈਚਾਲਿਤ ਨਿਯਮ-ਅਧਾਰਿਤ ਪ੍ਰਕਿਰਿਆ ਦੁਆਰਾ ਮਨਜ਼ੂਰੀ ਦਿੱਤੀ ਜਾਵੇਗੀ, ਅਤੇ ਇੱਕ ਵਾਰ ਚੋਣ ਕਰਨ ਤੋਂ ਬਾਅਦ, ਆਈਟੀ ਸੇਵਾ ਕੰਪਨੀਆਂ ਆਪਣੀ ਸੂਝ-ਬੂਝ ਅਨੁਸਾਰ ਲਗਾਤਾਰ ਪੰਜ ਸਾਲਾਂ ਲਈ ਉਸੇ ਸੁਰੱਖਿਅਤ ਬੰਦਰਗਾਹ ਪ੍ਰਬੰਧਾਂ ਦੇ ਤਹਿਤ ਕੰਮ ਕਰਨਾ ਜਾਰੀ ਰੱਖਣ ਦੇ ਯੋਗ ਹੋਣਗੀਆਂ।

**ਐਡਵਾਂਸ ਪ੍ਰਾਈਸਿੰਗ ਐਗਰੀਮੈਂਟ ( ਏਪੀਏ) ਸੁਧਾਰ**

ਬਜਟ ਵਿੱਚ ਐਡਵਾਂਸ ਪ੍ਰਾਈਸਿੰਗ ਐਗਰੀਮੈਂਟਸ (ਏਪੀਏ) ਵਿੱਚ ਦਾਖਲ ਹੋਣ ਦੀ ਇੱਛਾ ਰੱਖਣ ਵਾਲੀਆਂ ਆਈਟੀ ਸੇਵਾ ਕੰਪਨੀਆਂ ਲਈ ਇੱਕਪਾਸੜ ਏਪੀਏ ਪ੍ਰਕਿਰਿਆ ਨੂੰ ਤੇਜ਼ ਕਰਨ ਦਾ ਪ੍ਰਸਤਾਵ ਹੈ, ਜਿਸਦਾ ਉਦੇਸ਼ ਦੋ ਸਾਲਾਂ ਅੰਦਰ ਸਮਝੌਤੇ ਪੂਰਾ ਕਰਨਾ ਹੈ। ਟੈਕਸਪੇਅਰਸ ਦੀ ਬੇਨਤੀ 'ਤੇ ਦੋ ਸਾਲਾਂ ਦੀ ਮਿਆਦ ਨੂੰ ਹੋਰ ਛੇ ਮਹੀਨਿਆਂ ਲਈ ਵਧਾਇਆ ਜਾ ਸਕਦਾ ਹੈ। ਏਪੀਏ ਵਿੱਚ ਹਿੱਸਾ ਲੈਣ ਵਾਲੀਆਂ ਇਕਾਈਆਂ ਲਈ ਉਪਲਬਧ ਸੋਧੀ ਹੋਈ ਰਿਟਰਨ ਫਾਈਲਿੰਗ ਸਹੂਲਤ ਨੂੰ ਉਨ੍ਹਾਂ ਨਾਲ ਸਬੰਧਿਤ ਇਕਾਈਆਂ ਤੱਕ ਵਧਾਉਣ ਦਾ ਵੀ ਪ੍ਰਸਤਾਵ ਹੈ।




**ਯੂਨੀਲੈਟਰਲ ਐਡਵਾਂਸ ਪ੍ਰਾਈਸਿੰਗ ਸਮਝੌਤਾ (UAPA)**

ਇਨਕਮ ਟੈਕਸ ਐਕਟ, 1961 ਦੇ ਅਧੀਨ ਯੂਨੀਲੈਟਰਲ ਐਡਵਾਂਸ ਪ੍ਰਾਈਸਿੰਗ ਐਗਰੀਮੈਂਟ ( UAPA ) ਇੱਕ ਟੈਕਸਰੇਅਰ ਅਤੇ ਕੇਂਦਰੀ ਸਿੱਧੇ ਟੈਕਸ ਬੋਰਡ ( CBDT ) ਵਿਚਕਾਰ ਇੱਕ ਸਮਝੌਤਾ ਹੈ ਜੋ ਇੱਕ ਨਿਸ਼ਚਿਤ ਸਮੇਂ ਲਈ

ਨਿਰਧਾਰਿਤ ਅੰਤਰਰਾਸ਼ਟਰੀ ਲੈਣ-ਦੇਣ ਜਾਂ ਨਿਰਧਾਰਿਤ ਘਰੇਲੂ ਲੈਣ - ਦੇਣ ਲਈ ਪਹਿਲਾਂ ਤੋਂ ਵਸੂਲੀ ਜਾਣ ਵਾਲੀ ਕੀਮਤ ਜਾਂ ਉਸ ਦੀ ਕੀਮਤ ਨਿਰਧਾਰਿਤ ਕਰਦਾ ਹੈ।

**ਸੇਵਾ ਖੇਤਰ ਨੂੰ ਸਮਰਥਨ ਦੇਣ ਲਈ ਵਾਧੂ ਬਜਟ ਪਹਿਲਕਦਮੀਆਂ**

ਵਿੱਤੀ ਸਾਲ 2026-27 ਦੇ ਕੇਂਦਰੀ ਬਜਟ ਵਿੱਚ ਹੁਨਰ ਵਿਕਾਸ ਰਾਹੀਂ ਭਾਰਤ ਦੇ ਸੇਵਾ ਵਾਤਾਵਰਣ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਕਈ ਪਹਿਲਕਦਮੀਆਂ ਸ਼ੁਰੂ ਕੀਤੀਆਂ ਗਈਆਂ ਹਨ। ਇਨ੍ਹਾਂ ਵਿੱਚੋਂ ਕੁਝ ਰਵਾਇਤੀ ਚਿਕਿਤਸਾ, ਚਿਕਿਤਸਾ ਲਈ ਯਾਤਰਾ ਅਤੇ ਸੈਰ-ਸਪਾਟਾ ਬੁਨਿਆਦੀ ਢਾਂਚੇ ਨਾਲ ਸਬੰਧਿਤ ਹਨ।

* ਹੁਨਰਮੰਦ ਦੇਖਭਾਲ ਕਰਨ ਵਾਲਿਆਂ ਦਾ ਵਿਕਾਸ : ਇੱਕ ਮਜ਼ਬੂਤ ਦੇਖਭਾਲ ਪ੍ਰਣਾਲੀ ਬਣਾਈ ਜਾਵੇਗੀ, ਜਿਸ ਵਿੱਚ ਬਜ਼ੁਰਗਾਂ ਅਤੇ ਸਹਾਇਕ ਦੇਖਭਾਲ ਸੇਵਾਵਾਂ ਸ਼ਾਮਲ ਹੋਣਗੀਆਂ। ਬਹੁ-ਕੁਸ਼ਲ ਦੇਖਭਾਲ ਕਰਨ ਵਾਲਿਆਂ ਨੂੰ ਸਿਖਲਾਈ ਦੇਣ ਲਈ NSQF (ਰਾਸ਼ਟਰੀ ਗੁਣਵੱਤਾ ਅਤੇ ਤਕਨੀਕੀ ਸਹੂਲਤ) ਦੇ ਅਨੁਸਾਰ ਕਈ ਪ੍ਰੋਗਰਾਮ ਵਿਕਸਿਤ ਕੀਤੇ ਜਾਣਗੇ, ਜਿਸ ਵਿੱਚ ਮੁੱਖ ਦੇਖਭਾਲ ਅਤੇ ਸਹਾਇਕ ਹੁਨਰ, ਜਿਵੇਂ ਕਿ ਸਿਹਤ, ਯੋਗਾ, ਡਾਕਟਰੀ ਅਤੇ ਸਹਾਇਕ ਉਪਕਰਣਾਂ ਦੀ ਵਰਤੋਂ ਸ਼ਾਮਲ ਹੋਵੇਗੀ। ਅਗਲੇ ਸਾਲ ਦੌਰਾਨ, 1.5 ਲੱਖ ਦੇਖਭਾਲ ਕਰਨ ਵਾਲਿਆਂ ਨੂੰ ਟ੍ਰੇਨਿੰਗ ਦਿੱਤੀ ਜਾਵੇਗੀ।

**ਭਾਰਤ ਦੀ ਦੇਖਭਾਲ ਆਰਥਿਕਤਾ ਨੂੰ ਸਸ਼ਕਤ ਬਣਾਉਣਾ**

ਤੇਜ਼ੀ ਨਾਲ ਵਧ ਰਹੀ ਬਜ਼ੁਰਗ ਆਬਾਦੀ, ਵਧਦੀ ਉਮਰ ਦੀ ਸੰਭਾਵਨਾ ਅਤੇ ਪੁਰਾਣੀਆਂ ਬਿਮਾਰੀਆਂ ਵਿੱਚ ਵਾਧੇ ਕਾਰਨ ਵਿਸ਼ਵ ਪੱਧਰ 'ਤੇ ਦੇਖਭਾਲ ਕਰਨ ਵਾਲਿਆਂ ਦੀ ਮੰਗ ਵਧ ਰਹੀ ਹੈ। ਅੰਤਰਰਾਸ਼ਟਰੀ ਕਿਰਤ ਸੰਗਠਨ (ILO) ਦੇ ਅਨੁਸਾਰ, ਦੇਖਭਾਲ ਸੇਵਾਵਾਂ ਵਿੱਚ ਮੌਜੂਦਾ ਮਹੱਤਵਪੂਰਨ ਪਾੜੇ ਨੂੰ ਦੂਰ ਕਰਨ ਨਾਲ ਲਗਭਗ 30 ਮਿਲੀਅਨ ਨੌਕਰੀਆਂ ਪੈਦਾ ਹੋ ਸਕਦੀਆਂ ਹਨ। ਇਸ ਪਿਛੋਕੜ ਦੇ ਵਿਰੁੱਧ, ਬਜਟ 2026-27 ਵਿੱਚ ਬਜ਼ੁਰਗਾਂ ਅਤੇ ਸਹਾਇਕ ਦੇਖਭਾਲ ਸੇਵਾਵਾਂ ਨੂੰ ਸ਼ਾਮਲ ਕਰਦੇ ਹੋਏ ਇੱਕ ਮਜ਼ਬੂਤਦੇਖਭਾਲ ਪ੍ਰਣਾਲੀ ਵਿਕਸਿਤ ਕਰਨ ਦੇ ਐਲਾਨ ਨਾਲ ਭਾਰਤ ਵਿੱਚ ਦੇਖਭਾਲ ਕਰਨ ਵਾਲੇ ਪੇਸ਼ੇਵਰਾਂ ਦੀ ਗਿਣਤੀ ਵਿੱਚ ਵਾਧਾ ਹੋਣ ਦੀ ਉਮੀਦ ਹੈ, ਜੋ ਇਸ ਵਿਸ਼ਵਵਿਆਪੀ ਮੰਗ ਵਿੱਚ ਮਹੱਤਵਪੂਰਨ ਯੋਗਦਾਨ ਦੇ ਸਕਦੇ ਹਨ।

ਆਯੁਸ਼ : ਭਾਰਤ ਆਯੁਸ਼ ਦੀ ਵਿਸ਼ਵਵਿਆਪੀ ਪਹੁੰਚ ਵਧਾਉਣ 'ਤੇ ਕੇਂਦ੍ਰਿਤ ਹੈ, ਅਤੇ ਬਜਟ 2026-27 ਵਿੱਚ ਕੀਤੇ ਗਏ ਐਲਾਨਾਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਯੋਗਾ ਨੂੰ ਅੱਜ ਜੋ ਵਿਆਪਕ ਵਿਸ਼ਵਵਿਆਪੀ ਮਾਨਤਾ ਪ੍ਰਾਪਤ ਹੈ , ਉਸੇ

ਤਰਜ਼ 'ਤੇ ਦਵਾਈ ਦੀਆਂ ਇਨ੍ਹਾਂ ਰਵਾਇਤੀ ਸ਼ਾਖਾਵਾਂ ਦੀ ਵਿਸ਼ਵਵਿਆਪੀ ਮਨਜ਼ੂਰੀ ਅਤੇ ਮਾਨਤਾ ਵਧੇਗੀ। ਹੇਠ ਲਿਖੇ ਉਪਾਵਾਂ ਦਾ ਐਲਾਨ ਕੀਤਾ ਗਿਆ ਹੈ :

**ਤਿੰਨ ਨਵੇਂ ਆਲ ਇੰਡੀਆ ਇੰਸਟੀਟਿਊਟ ਆਫ ਆਯੁਰਵੇਦ ਦੀ ਸਥਾਪਨਾ**

ਜਾਮਨਗਰ ਵਿਖੇ ਵਿਸ਼ਵ ਸਿਹਤ ਸੰਗਠਨ (WHO) ਗਲੋਬਲ ਪਰੰਪਰਾਗਤ ਦਵਾਈ ਕੇਂਦਰ ਦਾ ਅਪਗ੍ਰੇਡੇਸ਼ਨ, ਜੋ ਕਿ ਸਬੂਤ-ਅਧਾਰਿਤ ਖੋਜ, ਸਿਖਲਾਈ ਅਤੇ ਰਵਾਇਤੀ ਦਵਾਈ ਲਈ ਜਾਗਰੂਕਤਾ ਨੂੰ ਉਤਸ਼ਾਹਿਤ ਕਰੇਗਾ।

ਆਯੁਸ਼ ਫਾਰਮੇਸੀਆਂ ਅਤੇ ਡਰੱਗ ਟੈਸਟਿੰਗ ਲੈਬਸ ਨੂੰ ਉੱਚ ਮਿਆਰੀ ਪ੍ਰਮਾਣੀਕਰਣ ਪ੍ਰਣਾਲੀ ਵਿੱਚ ਅਪਗ੍ਰੇਡ ਕਰਨਾ।

ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨਾ: ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨ ਲਈ ਕਈ ਉਪਾਵਾਂ ਦਾ ਐਲਾਨ ਕੀਤਾ ਗਿਆ ਹੈ, ਜਿਸ ਵਿੱਚ ਹੇਠ ਲਿਖੇ ਸ਼ਾਮਲ ਹਨ :

**ਮੈਡੀਕਲ ਟੂਰਿਜ਼ਮ** : ਭਾਰਤ ਨੂੰ ਮੈਡੀਕਲ ਟੂਰਿਜ਼ਮ ਲਈ ਇੱਕ ਗਲੋਬਲ ਹੱਬ ਵਜੋਂ ਸਥਾਪਿਤ ਕਰਨ ਦੇ ਉਦੇਸ਼ ਨਾਲ, ਸਰਕਾਰ ਨਿਜੀ ਖੇਤਰ ਨਾਲ ਸਾਂਝੇਦਾਰੀ ਵਿੱਚ ਪੰਜ ਮੈਡੀਕਲ ਟੂਰਿਜ਼ਮ ਸੈਂਟਰਾਂ ਦੀ ਸਥਾਪਨਾ ਦਾ ਸਮਰਥਨ ਕਰੇਗੀ।

**ਗਾਈਡਾਂ ਲਈ ਹੁਨਰ ਵਿਕਾਸ** : 20 ਪ੍ਰਸਿੱਧ ਸਥਾਨਾਂ 'ਤੇ 10,000 ਗਾਈਡਾਂ ਨੂੰ ਹੁਨਰਮੰਦ ਬਣਾਉਣ ਲਈ ਇੱਕ ਪਾਇਲਟ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਹੈ। ਇਸ ਪਹਿਲਕਦਮੀ ਵਿੱਚ ਇੰਡੀਅਨ ਇੰਸਟੀਟਿਊਟ ਆਫ਼ ਮੈਨੇਜਮੈਂਟ (IIM) ਦੇ ਸਹਿਯੋਗ ਨਾਲ ਵਿਕਸਿਤ ਕੀਤਾ ਗਿਆ 12 - ਹਫ਼ਤਿਆਂ ਦਾ ਹਾਈਬ੍ਰਿਡ ਟ੍ਰੇਨਿੰਗ ਪ੍ਰੋਗਰਾਮ ਸ਼ਾਮਲ ਹੈ।

**ਪੁਰਾਤਤਵ ਸਥਾਨਾਂ ਦਾ ਵਿਕਾਸ** : ਲੋਥਲ, ਸਾਰਨਾਥ ਅਤੇ ਹਸਤਿਨਾਪੁਰ ਸਮੇਤ 15 ਪ੍ਰਮੁੱਖ ਪੁਰਾਤਤਵ ਸਥਾਨਾਂ ਨੂੰ ਵਿਸ਼ਵ ਪੱਧਰੀ ਅਨੁਭਵ ਕੇਂਦਰਾਂ ਵਿੱਚ ਵਿਕਸਿਤ ਕਰਕੇ ਵਿਰਾਸਤ ਅਤੇ ਸੱਭਿਆਚਾਰਕ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨਾ। ਇਸ ਪਹਿਲਕਦਮੀ ਦਾ ਉਦੇਸ਼ ਸੈਲਾਨੀ ਬੁਨਿਆਦੀ ਢਾਂਚੇ ਨੂੰ ਬਿਹਤਰ ਬਣਾਉਣਾ, ਟਿਕਾਊ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨਾ ਅਤੇ ਧਾਰਮਿਕ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨ ਲਈ ਉੱਤਰ-ਪੂਰਬ ਵਿੱਚ ਇੱਕ ਨਵਾਂ ਬੋਧੀ ਸਰਕਿਟ ਸ਼ੁਰੂ ਕਰਨਾ ਹੈ।

ਭਾਰਤ ਦੀਆਂ ਸਮਰੱਥਾਵਾਂ ਅਤੇ ਮੌਕਿਆਂ ਦਾ ਲਾਭ ਲੈਣ 'ਤੇ ਵੀ ਧਿਆਨ ਕੇਂਦ੍ਰਿਤ ਕੀਤਾ ਜਾ ਰਿਹਾ ਹੈ ਤਾਂ ਜੋ ਵਿਸ਼ਵ ਪੱਧਰੀ ਟ੍ਰੈਕਿੰਗ ਅਤੇ ਹਾਈਕਿੰਗ ਅਨੁਭਵ ਪ੍ਰਦਾਨ ਕੀਤੇ ਜਾ ਸਕਣ।

ਸੈਰ-ਸਪਾਟਾ ਸੰਪਰਕ ਲਈ ਹਾਈ-ਸਪੀਡ ਰੇਲ: ਪ੍ਰਸਤਾਵਿਤ ਹਾਈ-ਸਪੀਡ ਰੇਲ ਰੂਟ (ਮੁੰਬਈ-ਪੁਣੇ;ਪੁਣੇ-ਹੈਦਰਾਬਾਦ; ਹੈਦਰਾਬਾਦ-ਬੰਗਲੁਰੂ; ਹੈਦਰਾਬਾਦ-ਚੇਨਈ ; ਚੇਨਈ - ਬੰਗਲੁਰੂ ; ਬੰਗਲੁਰੂ-ਵਾਰਾਣਸੀ ਅਤੇ

ਵਾਰਾਣਸੀ-ਸਿਲੀਗੁੜੀ) ਦਾ ਉਦੇਸ਼ ਪ੍ਰਮੁੱਖ ਵਪਾਰਕ ਕੇਂਦਰਾਂ ਅਤੇ ਸੱਭਿਆਚਾਰਕ ਤੌਰ 'ਤੇ ਮਹੱਤਵਪੂਰਨ ਸਥਾਨਾਂ ਵਿਚਕਾਰ ਯਾਤਰਾ ਦੇ ਸਮੇਂ ਨੂੰ ਸੰਭਾਵੀ ਤੌਰ 'ਤੇ ਘਟਾਉਣਾ ਹੈ।

**ਸੇਵਾ ਨਿਰਯਾਤ ਮੁਕਾਬਲੇਬਾਜ਼ੀ ਦੇ ਨਵੇਂ ਕਾਰਕ**

**GCC ਦਾ ਵਧਦਾ ਪ੍ਰਭਾਵ**




ਭਾਰਤ ਦੇ ਵਧ ਰਹੇ ਸੇਵਾ ਨਿਰਯਾਤ ਨੂੰ ਦੇਸ਼ ਦੇ ਗਲੋਬਲ ਸਮਰੱਥਾ ਕੇਂਦਰਾਂ (GCCs) ਦੇ ਇੱਕ ਪ੍ਰਮੁੱਖ ਕੇਂਦਰ ਵਜੋਂ ਉਭਾਰ ਰਾਹੀਂ ਸਮਰਥਨ ਦਿੱਤਾ ਜਾ ਰਿਹਾ ਹੈ, ਜਿਸ ਵਿੱਚ FY2020 ਅਤੇ FY2025 ਦੇ ਵਿਚਕਾਰ ਲਗਭਗ 7 ਪ੍ਰਤੀਸ਼ਤ ਦੀ ਮਿਸ਼ਰਿਤ ਸਲਾਨਾ ਵਿਕਾਸ ਦਰ ( CAGR ) ਦੇਖਣ ਨੂੰ ਮਿਲੀ ਹੈ। GCCs ਭਾਰਤ ਤੋਂ ਸਰਹੱਦ ਪਾਰ ਸੇਵਾਵਾਂ ਦੀ ਸਪੁਰਦਗੀ ਲਈ ਇੱਕ ਪ੍ਰਮੁੱਖ ਮਾਰਗ ਬਣ ਗਏ ਹਨ। FY2024 ਤੱਕ , ਭਾਰਤ ਵਿੱਚ 1,700 ਤੋਂ ਵੱਧ GCCs ਹੋਣਗੇ ਜੋ 1.9 ਮਿਲੀਅਨ ਤੋਂ ਵੱਧ ਪੇਸ਼ੇਵਰਾਂ ਨੂੰ ਰੁਜ਼ਗਾਰ ਦੇਣਗੇ, ਜਿਸ ਨਾਲ ਇਹ ਕੈਪਟਿਵ ਗਲੋਬਲ ਓਪਰੇਸ਼ਨਾਂ ਲਈ ਦੁਨੀਆ ਦਾ ਸਭ ਤੋਂ ਵੱਡਾ ਕੇਂਦਰ ਬਣ ਜਾਵੇਗਾ।

ਸਮੇਂ ਦੇ ਨਾਲ, GCC ਸਹਾਇਤਾ ਕਾਰਜਾਂ ਤੋਂ ਬਹੁ-ਰਾਸ਼ਟਰੀ ਕੰਪਨੀਆਂ ਦੇ ਗਲੋਬਲ ਕਾਰਜਾਂ ਦੇ ਅਨਿੱਖੜਵੇਂ ਅੰਗ ਬਣ ਗਏ ਹਨ, ਉਤਪਾਦ ਵਿਕਾਸ, AI-ਸਮਰੱਥ ਡਿਜੀਟਲ ਸੇਵਾਵਾਂ, ਸਾਈਬਰ ਸੁਰੱਖਿਆ, ਵਿਸ਼ਲੇਸ਼ਣ, ਅਤੇ ਇੰਜੀਨੀਅਰਿੰਗ ਵਰਗੀਆਂ ਉੱਚ-ਮੁੱਲ ਵਾਲੀਆਂ ਗਤੀਵਿਧੀਆਂ ਨੂੰ ਪੂਰਾ ਕਰਦੇ ਹਨ, ਅਤੇ ਭਾਰਤ ਦਾ ਗਿਆਨ-ਗੁੰਝਲਦਾਰ ਅਤੇ ਡਿਜੀਟਲ ਤੌਰ 'ਤੇ ਪ੍ਰਦਾਨ ਕੀਤੀਆਂ ਸੇਵਾਵਾਂ ਦੇ ਨਿਰਯਾਤ ਵਿੱਚ ਸਿੱਧਾ ਯੋਗਦਾਨ ਪਾਉਂਦਾ ਹੈ। ਕਿਰਤ ਰਿਆਇਤਾਂ, ਮਜ਼ਬੂਤ ਭੌਤਿਕ ਅਤੇ ਡਿਜੀਟਲ ਬੁਨਿਆਦੀ ਢਾਂਚਾ, ਲਾਗਤ ਮੁਕਾਬਲੇਬਾਜ਼ੀ , SEZ- ਸਬੰਧਿਤ ਪ੍ਰੋਤਸਾਹਨ ਅਤੇ ਭਾਰਤ ਵਿੱਚ ਇੱਕ ਜੀਵੰਤ ਸਟਾਰਟਅੱਪ ਈਕੋਸਿਸਟਮ ਨੇ ਉਨ੍ਹਾਂ ਦੇ ਵਿਸਥਾਰ ਦਾ ਸਮਰਥਨ ਕੀਤਾ ਹੈ, ਜੋ ਸਾਰੇ ਸਮੁੱਚੀ ਕੁਸ਼ਲਤਾ ਨੂੰ ਵਧਾਉਂਦੇ ਹਨ।

**ਭਾਰਤ ਦਾ ਏਆਈ ਅਤੇ ਡਿਜੀਟਲ ਈਕੋਸਿਸਟਮ**




ਭਾਰਤ ਦੀਆਂ ਆਰਟੀਫਿਸ਼ੀਅਲ ਇੰਟੈਲੀਜੈਂਸ ਅਤੇ ਡਿਜੀਟਲ ਤਕਨਾਲੋਜੀਆਂ ਵਿੱਚ ਵਧਦੀਆਂ ਸਮਰੱਥਾਵਾਂ ਨਿਰਯਾਤ ਵਿੱਚ ਇਸ ਵਾਧੇ ਨੂੰ ਹੋਰ ਤੇਜ਼ ਕਰਦੀਆਂ ਹਨ। ਸਟੈਨਫੋਰਡ ਏਆਈ ਇੰਡੈਕਸ ਰਿਪੋਰਟ 2025 ਦੇ ਅਨੁਸਾਰ, ਭਾਰਤ ਏਆਈ ਹੁਨਰਾਂ ਦੇ ਪ੍ਰਵੇਸ਼ ਵਿੱਚ ਵਿਸ਼ਵ ਪੱਧਰ 'ਤੇ ਦੂਜੇ ਸਥਾਨ 'ਤੇ ਹੈ, ਜੋ ਕਿ ਉੱਨਤ ਡਿਜੀਟਲ ਪ੍ਰਤਿਭਾ ਦੀ ਉਪਲਬਧਤਾ ਨੂੰ ਦਰਸਾਉਂਦਾ ਹੈ ਜੋ ਗਲੋਬਲ ਸਰਵਿਸ ਡਿਲੀਵਰੀ ਦਾ ਸਮਰਥਨ ਕਰਦਾ ਹੈ। ਅੰਤਰਰਾਸ਼ਟਰੀ ਸੰਗਠਨਾਂ ਨੇ ਭਾਰਤ ਦੀ ਬਿਹਤਰ ਤਕਨੀਕੀ ਤਿਆਰੀ ਨੂੰ ਵੀ ਉਜਾਗਰ ਕੀਤਾ ਹੈ, ਜਿਸ ਨਾਲ ਦੇਸ਼ 2022 ਵਿੱਚ 48ਵੇਂ ਸਥਾਨ ਤੋਂ ਸੰਯੁਕਤ ਰਾਸ਼ਟਰ ਪ੍ਰੀਸ਼ਦ ਫਾਰ ਦ ਐਡਵਾਂਸਮੈਂਟ ਆਫ਼ ਟੈਕਨੋਲੋਜੀ (UNCTAD) ਫਰੰਟੀਅਰ ਟੈਕਨੋਲੋਜਿਜ਼ ਰੈਡੀਨੈੱਸ ਇੰਡੈਕਸ ਵਿੱਚ 2024 ਵਿੱਚ 36ਵੇਂ ਸਥਾਨ 'ਤੇ ਆ ਗਿਆ ਹੈ। ਇਸ ਤੋਂ ਇਲਾਵਾ, ਭਾਰਤ ਕਲਾਉਡ ਬੁਨਿਆਦੀ ਢਾਂਚਾ ਸੇਵਾਵਾਂ ਵਿੱਚ ਇੱਕ ਮੋਹਰੀ ਦੇਸ਼ ਹੈ, ਜਿਸਨੂੰ ਦੁਨੀਆ ਦੀ ਸਭ ਤੋਂ ਵੱਡੀ ਆਬਾਦੀ ਵਿੱਚੋਂ ਇੱਕ ਦੁਆਰਾ ਸਮਰਥਿਤ ਕੀਤਾ ਗਿਆ ਹੈ, ਜੋ ਕਿ ਏਆਈ ਡਿਵੈਲਪਰਾਂ ਦੇ ਇੱਕ ਮਹੱਤਵਪੂਰਨ ਸਮੂਹ ਦਾ ਲਾਭ ਲੈ ਸਕਦਾ ਹੈ।

ਡੇਟਾ ਖਪਤ, ਕਲਾਉਡ ਅਪਣਾਉਣ ਅਤੇ AI ਦੀ ਵਰਤੋਂ ਵਿੱਚ ਤੇਜ਼ੀ ਨਾਲ ਵਾਧਾ ਡਿਜੀਟਲ ਬੁਨਿਆਦੀ ਢਾਂਚੇ ਵਿੱਚ ਨਿਵੇਸ਼ ਨੂੰ ਵਧਾ ਰਿਹਾ ਹੈ। ਭਾਰਤ ਦੀ ਡੇਟਾ ਸੈਂਟਰ ਸਮਰੱਥਾ 2025 ਵਿੱਚ ਲਗਭਗ 1.4 GW ਤੋਂ ਵਧ ਕੇ 2030ਤੱਕ ਲਗਭਗ 8 GW ਹੋਣ ਦਾ ਅਨੁਮਾਨ ਹੈ। ਇਹ ਵਿਸਥਾਰ ਵਿਸ਼ਵ ਪੱਧਰ 'ਤੇ ਡਿਜੀਟਲ ਤੌਰ 'ਤੇ ਸਮਰੱਥ ਸੇਵਾਵਾਂ ਪ੍ਰਦਾਨ ਕਰਨ ਦੀ ਭਾਰਤ ਦੀ ਯੋਗਤਾ ਨੂੰ ਮਜ਼ਬੂਤ ਕਰਦਾ ਹੈ। ਦੇਸ਼ ਦਾ ਵਧਦਾ ਨਵੀਨਤਾ ਈਕੋਸਿਸਟਮ AI ਸਟਾਰਟਅੱਪਸ ਦੀ ਵਧਦੀ ਗਿਣਤੀ, ਉੱਦਮ ਨਿਵੇਸ਼ ਅਤੇ ਜੈਨਰੇਟਿਵ AI ਪੇਟੈਂਟ ਫਾਈਲ ਕਰਨ ਵਿੱਚ ਵਿਸ਼ਵ ਪੱਧਰ 'ਤੇ ਸਭ ਤੋਂ ਤੇਜ਼ ਵਿਕਾਸ ਦਰਾਂ ਵਿੱਚੋਂ ਇੱਕ ਪ੍ਰਤੀਬਿੰਬਤ ਹੁੰਦਾ ਹੈ।

**ਗਲੋਬਲ ਵਪਾਰ ਸਮਝੌਤੇ ਸੇਵਾਵਾਂ ਦੇ ਨਿਰਯਾਤ ਨੂੰ ਹੁਲਾਰਾ ਦਿੰਦੇ ਹਨ**

ਭਾਰਤ ਦੇ ਵਧ ਰਹੇ ਵਪਾਰ ਸਮਝੌਤਿਆਂ ਦੇ ਨੈੱਟਵਰਕ ਨੇ ਸੇਵਾ ਖੇਤਰ ਦੀ ਵਿਸ਼ਵ ਬਜ਼ਾਰਾਂ ਤੱਕ ਪਹੁੰਚ ਨੂੰ ਮਜ਼ਬੂਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਇਹ ਸਮਝੌਤੇ ਪੇਸ਼ੇਵਰਾਂ ਲਈ ਵਧੇਰੇ ਲਚਕਤਾ ਅਤੇ ਭਾਰਤੀ ਸਰਵਿਸ ਪ੍ਰੋਵਾਈਡਰਸ ਲਈ ਕਈ ਤਰ੍ਹਾਂ ਦੀਆਂ ਸੇਵਾਵਾਂ ਵਿੱਚ ਨਵੇਂ ਮੌਕੇ ਪ੍ਰਦਾਨ ਕਰਦੇ ਹਨ।

**ਭਾਰਤ - ਯੂਕੇ ( ਸੀਈਟੀਏ )**

- ਵਿਸਤ੍ਰਿਤ ਬਜ਼ਾਰ ਪਹੁੰਚ : ਯੂਕੇ ਨੇ ਭਾਰਤ ਦੇ ਖੇਤਰਾਂ ਜਿਵੇਂ ਕਿ ਆਈਟੀ/ਆਈਟੀਈਐੱਸ, ਵਪਾਰਕ ਸੇਵਾਵਾਂ, ਪੇਸ਼ੇਵਰ ਸੇਵਾਵਾਂ, ਵਿੱਤੀ, ਦੂਰਸੰਚਾਰ ਅਤੇ ਸਿੱਖਿਆ ਸੇਵਾਵਾਂ ਵਿੱਚ 137 ਉਪ-ਖੇਤਰਾਂ ਵਿੱਚ ਵਿਆਪਕ ਅਤੇ ਡੂੰਘੀ ਮਾਰਕਿਟ ਪਹੁੰਚ ਪ੍ਰਦਾਨ ਕੀਤੀ ਹੈ।
- ਭਾਰਤੀ ਪੇਸ਼ੇਵਰਾਂ ਲਈ ਅਸਾਨ ਪਹੁੰਚ : ਭਾਰਤੀ ਪੇਸ਼ੇਵਰਾਂ ਨੂੰ ਸਰਲ ਵੀਜ਼ਾ ਪ੍ਰਕਿਰਿਆਵਾਂ ਅਤੇ ਪ੍ਰਵੇਸ਼ ਸ਼੍ਰੇਣੀਆਂ ਦਾ ਫਾਇਦਾ ਹੋਵੇਗਾ, ਜਿਸ ਨਾਲ ਯੂਕੇ ਵਿੱਚ ਕੰਮ ਕਰਨਾ ਅਸਾਨ ਹੋ ਜਾਵੇਗਾ। ਇਨ੍ਹਾਂ ਪੇਸ਼ੇਵਰਾਂ ਨੂੰ ਕੰਪਨੀਆਂ ਦੁਆਰਾ ਯੂਕੇ ਦੇ ਸਾਰੇ ਸੇਵਾ ਖੇਤਰਾਂ ਵਿੱਚ ਕੰਮ ਕਰਨ ਲਈ ਤਾਇਨਾਤ ਕੀਤਾ ਜਾਂਦਾ ਹੈ ਅਤੇ ਆਰਕੀਟੈਕਟ, ਇੰਜੀਨੀਅਰ, ਸ਼ੈੱਫ, ਯੋਗਾ ਇੰਸਟ੍ਰਕਟਰ ਅਤੇ ਸੰਗੀਤਕਾਰ ਵਰਗੇ ਠੇਕੇ 'ਤੇ ਪੇਸ਼ੇਵਰਾਂ ਨੂੰ ਵੀ ਨਿਯੁਕਤ ਕੀਤਾ ਜਾਂਦਾ ਹੈ ।
- ਸਮਾਜਿਕ ਸੁਰੱਖਿਆ 'ਤੇ ਸਮਝੌਤਾ : CETA 'ਤੇ ਦਸਤਖਤ ਦੌਰਾਨ, ਦੋਵੇਂ ਧਿਰਾਂ ਸਮਾਜਿਕ ਸੁਰੱਖਿਆ 'ਤੇ ਇੱਕ ਸਮਝੌਤੇ 'ਤੇ ਦਸਤਖਤ ਕਰਨ ਲਈ ਵੀ ਸਹਿਮਤ ਹੋਈਆਂ, ਜੋ ਕਿ CETA ਦੇ ਨਾਲ ਹੀ ਲਾਗੂ ਕੀਤਾ ਜਾਵੇਗਾ। ਇਸ ਅਨੁਸਾਰ, ਦੋਵੇਂ ਦੇਸ਼ਾਂ ਨੇ 10 ਫਰਵਰੀ ਨੂੰ ਸਮਾਜਿਕ ਸੁਰੱਖਿਆ ਯੋਗਦਾਨਾਂ 'ਤੇ ਸਮਾਜਿਕ ਸੁਰੱਖਿਆ ਸਮਝੌਤੇ 'ਤੇ ਦਸਤਖਤ ਕੀਤੇ ਹਨ। ਇਸਦਾ ਉਦੇਸ਼ ਦੋਵੇਂ ਦੇਸ਼ਾਂ ਦੇ ਕਰਮਚਾਰੀਆਂ ਲਈ ਦੁੱਗਣੇ ਸਮਾਜਿਕ ਸੁਰੱਖਿਆ ਯੋਗਦਾਨਾਂ ਤੋਂ ਬਚਣਾ ਹੈ ਜੋ ਇੱਕ ਦੂਜੇ ਦੇ ਖੇਤਰਾਂ ਵਿੱਚ 36 ਮਹੀਨਿਆਂ ਤੱਕ ਅਸਥਾਈ ਕਾਰਜਾਂ 'ਤੇ ਤਾਇਨਾਤ ਹਨ ।
- ਸਮਾਜਿਕ ਸੁਰੱਖਿਆ ਯੋਗਦਾਨਾਂ 'ਤੇ ਸਮਝੌਤੇ ਅਤੇ ਨਾਲ ਹੀ CETA ਵਿੱਚ ਗਤੀਸ਼ੀਲਤਾ ਅਤੇ ਬਜ਼ਾਰ ਪਹੁੰਚ ਵਚਨਬੱਧਤਾਵਾਂ, ਦੋਵੇਂ ਦੇਸ਼ਾਂ ਵਿੱਚ ਉੱਚ ਹੁਨਰ ਅਤੇ ਉੱਭਰ ਰਹੇ ਸੇਵਾ ਖੇਤਰਾਂ ਦਾ ਲਾਭ ਲੈਂਦੇ ਹੋਏ, ਸੇਵਾ ਖੇਤਰ ਵਿੱਚ ਭਾਰਤ-ਯੂਕੇ ਭਾਈਵਾਲੀ ਨੂੰ ਹੁਲਾਰਾ ਦੇਣ ਦੀ ਉਮੀਦ ਹੈ।

**ਭਾਰਤ - ਯੂਰੋਪੀਅਨ ਯੂਨੀਅਨ ਮੁਕਤ ਵਪਾਰ ਸਮਝੌਤਾ ( FTA )**

- ਬਜ਼ਾਰ ਪਹੁੰਚ ਦਾ ਵਿਸਤਾਰ : ਯੂਰੋਪੀਅਨ ਸੰਘ ਨੇ 144 ਸੇਵਾਵਾਂ ਉਪ-ਖੇਤਰਾਂ ਵਿੱਚ ਵਚਨਬੱਧਤਾਵਾਂ ਦਾ ਵਿਸਤਾਰ ਕੀਤਾ ਹੈ , ਜਿਸ ਵਿੱਚ IT / ITES ਅਤੇ ਪੇਸ਼ੇਵਰ ਸੇਵਾਵਾਂ ਸ਼ਾਮਲ ਹਨ, ਜੋ ਕਿ ਭਾਰਤੀ ਪ੍ਰਦਾਤਾਵਾਂ

ਨੂੰ ਨਿਰਯਾਤ ਵਧਾਉਣ ਅਤੇ ਦੋਵਾਂ ਅਰਥਵਿਵਸਥਾਵਾਂ ਵਿੱਚ ਨਵੀਨਤਾ, ਉਤਪਾਦਕਤਾ ਅਤੇ ਵਪਾਰਕ ਵਿਕਾਸ ਦਾ ਸਮਰਥਨ ਕਰਨ ਵਿੱਚ ਮਦਦ ਕਰਨਗੇ।

- ਗਤੀਸ਼ੀਲਤਾ ਅਤੇ ਸਮਾਜਿਕ ਸੁਰੱਖਿਆ ਸਹਾਇਤਾ : ਯੂਰੋਪੀਅਨ ਸੰਘ ਵਿੱਚ ਭਾਰਤੀ ਆਯੁਸ਼ ਡਾਕਟਰਾਂ ਦੀ ਗਤੀਸ਼ੀਲਤਾ, ਯੂਰੋਪੀਅਨ ਸੰਘ ਵਿੱਚ ਭਾਰਤੀ ਵਿਦਿਆਰਥੀਆਂ ਦੀ ਗਤੀਸ਼ੀਲਤਾ ਅਤੇ ਭਾਰਤ ਅਤੇ ਯੂਰੋਪੀਅਨ ਸੰਘ ਦੇ ਮੈਂਬਰ ਰਾਜਾਂ ਵਿਚਕਾਰ ਸਮਾਜਿਕ ਸੁਰੱਖਿਆ ਪ੍ਰਬੰਧਾਂ ਨੂੰ ਬਣਾਈ ਰੱਖਣ/ਲਾਗੂਕਰਨ/ ਅਨੁਕੂਲ ਬਣਾਉਣ ਲਈ ਸਹਾਇਤਾ ਪ੍ਰਬੰਧ ਵੀ ਕੀਤੇ ਗਏ ਹਨ। ਭਾਰਤ-ਓਮਾਨ ਵਿਆਪਕ ਆਰਥਿਕ ਭਾਈਵਾਲੀ ਸਮਝੌਤਾ (CEPA)

**ਭਾਰਤ-ਓਮਾਨ ਵਿਆਪਕ ਆਰਥਿਕ ਭਾਈਵਾਲੀ ਸਮਝੌਤਾ (CEPA)**

ਵਿਸਤ੍ਰਿਤ ਬਾਜ਼ਾਰ ਪਹੁੰਚ : ਓਮਾਨ ਨੇ 127 ਸੇਵਾ ਉਪ-ਖੇਤਰਾਂ ਲਈ ਵਚਨਬੱਧਤਾ ਪ੍ਰਗਟਾਈ ਹੈ, ਜਿਸ ਵਿੱਚ ਪੇਸ਼ੇਵਰ ਸੇਵਾਵਾਂ, ਕੰਪਿਊਟਰ ਅਤੇ ਸਬੰਧਿਤ ਸੇਵਾਵਾਂ, ਅਤੇ ਆਡੀਓ-ਵਿਜ਼ੂਅਲ ਸੇਵਾਵਾਂ ਸ਼ਾਮਲ ਹਨ। ਕਿਸੇ ਵੀ ਮੁਕਤ ਵਪਾਰ ਸਮਝੌਤੇ (FTA) ਵਿੱਚ ਪਹਿਲੀ ਵਾਰ, ਓਮਾਨ ਨੇ ਪੇਸ਼ੇਵਰਾਂ ਦੀ ਇੱਕ ਪਰਿਭਾਸ਼ਿਤ ਸ਼੍ਰੇਣੀ ਲਈ ਵਚਨਬੱਧਤਾ ਪ੍ਰਗਟਾਈ ਹੈ, ਜਿਸ ਵਿੱਚ ਲੇਖਾਕਾਰੀ, ਇੰਜੀਨੀਅਰਿੰਗ, ਮੈਡੀਕਲ, ਆਈਟੀ, ਸਿੱਖਿਆ, ਨਿਰਮਾਣ ਅਤੇ ਸਲਾਹਕਾਰ ਸੇਵਾਵਾਂ ਸ਼ਾਮਲ ਹਨ। ਸਿਹਤ ਅਤੇ ਰਵਾਇਤੀ ਦਵਾਈ ਦੇ ਖੇਤਰਾਂ ਵਿੱਚ ਸਹਿਯੋਗ ਲਈ ਇੱਕ ਢਾਂਚਾ ਸਥਾਪਿਤ ਕੀਤਾ ਗਿਆ ਹੈ।




ਸੂਚਨਾ ਅਤੇ ਸੰਚਾਰ ਤਕਨਾਲੋਜੀ (ICT) ਦੀ ਸੀਮਾ ਵਧਾਈ ਗਈ: ਇੰਟ੍ਰਾ-ਕਾਰਪੋਰੇਟ ਟ੍ਰਾਂਸਫਰੀਜ਼ (ICT) ਦੀ ਸੀਮਾ 20 ਪ੍ਰਤੀਸ਼ਤ ਤੋਂ ਵਧਾ ਕੇ 50 ਪ੍ਰਤੀਸ਼ਤ ਕਰ ਦਿੱਤੀ ਗਈ ਹੈ, ਜਿਸ ਨਾਲ ਭਾਰਤੀ ਕੰਪਨੀਆਂ ਵੱਡੀ ਗਿਣਤੀ ਵਿੱਚ ਪ੍ਰਬੰਧਕੀ ਅਤੇ ਮਾਹਿਰ ਕਰਮਚਾਰੀਆਂ ਨੂੰ ਤਾਇਨਾਤ ਕਰ ਸਕਦੀਆਂ ਹਨ।

**ਭਾਰਤ-ਨਿਊਜ਼ੀਲੈਂਡ ਮੁਕਤ ਵਪਾਰ ਸਮਝੌਤਾ ( FTA )**

- **ਵਿਸਤ੍ਰਿਤ ਬਜ਼ਾਰ ਪਹੁੰਚ** : ਨਿਊਜ਼ੀਲੈਂਡ 118 ਸੇਵਾ ਖੇਤਰਾਂ ਵਿੱਚ ਸ਼ਾਮਲ ਹੈ। ਭਾਰਤ ਨਾਲ ਆਯੁਰਵੇਦ, ਯੋਗਾ ਅਤੇ ਹੋਰ ਪਰੰਪਰਾਗਤ ਡਾਕਟਰੀ ਸੇਵਾਵਾਂ ਵਿੱਚ ਵਪਾਰ ਨੂੰ ਉਤਸ਼ਾਹਿਤ ਕਰਨ ਅਤੇ ਭਾਰਤੀ ਵਿਦਿਆਰਥੀਆਂ ਲਈ ਸਰਗਰਮ ਅਤੇ ਪੜ੍ਹਾਈ ਤੋਂ ਬਾਅਦ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਲਈ ਸੁਵਿਧਾਜਨਕ ਪ੍ਰਬੰਧ ਸ਼ਾਮਲ ਕੀਤੇ ਗਏ ਹਨ।
- **ਹੁਨਰਮੰਦ ਭਾਰਤੀਆਂ ਲਈ ਵੀਜ਼ਾ ਸਹੂਲਤ** : ਨਿਊਜ਼ੀਲੈਂਡ ਨੇ ਭਾਰਤ ਦੇ ਹਿੱਤ ਵਾਲੇ ਖੇਤਰਾਂ ਵਿੱਚ 3 ਸਾਲ ਤੱਕ ਦੇ ਠਹਿਰਣ ਲਈ ਸਕਿੱਲਡ ਭਾਰਤੀਆਂ ਨੂੰ 5,000 ਵੀਜ਼ਾ ਦਾ ਕੋਟਾ ਪ੍ਰਦਾਨ ਕਰਨ ਦਾ ਭਰੋਸਾ ਦਿੱਤਾ ਹੈ।

ਇਹ ਪ੍ਰਬੰਧ ਭਾਰਤੀ ਨੌਜਵਾਨਾਂ ਅਤੇ ਪੇਸ਼ੇਵਰਾਂ ਨੂੰ ਵਿਸ਼ਵਵਿਆਪੀ ਤਜ਼ਰਬਾ ਹਾਸਲ ਕਰਨ ਦੇ ਬੇਮਿਸਾਲ ਮੌਕੇ ਪ੍ਰਦਾਨ ਕਰਦੇ ਹਨ।

ਭਾਰਤ - ਯੂਰੋਪੀਅਨ ਮੁਕਤ ਵਪਾਰ ਸੰਘ (EFTA) ਵਪਾਰ ਅਤੇ ਆਰਥਿਕ ਭਾਈਵਾਲੀ ਸਮਝੌਤਾ (TEPA )

- ਬਜ਼ਾਰ ਪਹੁੰਚ ਦਾ ਵਿਸਤਾਰ : TEPA ਦੇ ਤਹਿਤ , ਸਵਿਟਜ਼ਰਲੈਂਡ ਨੇ 128 ਉਪ-ਖੇਤਰਾਂ, ਨਾਰਵੇ ਨੂੰ 114, liechtenstein ਨੂੰ 107 ਅਤੇ ਆਈਸਲੈਂਡ ਨੂੰ 110 ਉਪ-ਖੇਤਰਾਂ ਲਈ ਵਚਨਬੱਧਤਾ ਪ੍ਰਗਟਾਈ ਹੈ। ਇਹ ਅਗਲੇ 15 ਸਾਲਾਂ ਵਿੱਚ 100 ਬਿਲੀਅਨ ਡਾਲਰ ਦੇ ਨਿਵੇਸ਼ ਅਤੇ 10 ਲੱਖ ਸਿੱਧੀਆਂ ਨੌਕਰੀਆਂ ਪੈਦਾ ਕਰਨ ਦੀਆਂ ਵਚਨਬੱਧਤਾਵਾਂ ਦਾ ਵੀ ਪ੍ਰਬੰਧ ਕਰਦਾ ਹੈ।
- **ਵਿਆਪਕ ਗਤੀਵਿਧੀ ਪ੍ਰਬੰਧ** :EFTA ਕਾਂਟ੍ਰੈਕਟ ਸੇਵਾ ਸਪਲਾਇਰਾਂ ਅਤੇ ਸੁਤੰਤਰ ਪੇਸ਼ੇਵਰਾਂ ਦੇ ਅਧੀਨ ਕਈ ਸੇਵਾ ਖੇਤਰਾਂ/ ਉਪ-ਖੇਤਰਾਂ ਵਿੱਚ ਗਤੀਵਿਧੀ ਵਚਨਬੱਧਤਾਵਾਂ ਪ੍ਰਦਾਨ ਕਰਦਾ ਹੈ।
- **ਆਪਸੀ ਮਾਨਤਾ ਸਮਝੌਤੇ (MRAs):** ਆਪਸੀ ਮਾਨਤਾ ਸਮਝੌਤੇ (MRAs) ਨਰਸਿੰਗ, ਚਾਰਟਰਡ ਅਕਾਊਂਟੈਂਸੀ ਅਤੇ ਆਰਕੀਟੈਕਚਰ ਵਰਗੀਆਂ ਪੇਸ਼ੇਵਰ ਸੇਵਾਵਾਂ ਵਿੱਚ ਲਾਗੂ ਕੀਤੇ ਗਏ ਹਨ ।
- **ਭਾਰਤ ਆਸਟ੍ਰੇਲੀਆ ਆਰਥਿਕ ਸਹਿਯੋਗ ਅਤੇ ਵਪਾਰ ਸਮਝੌਤਾ (ਭਾਰਤ - ਆਸਟ੍ਰੇਲੀਆ ECTA )**
- **ਵਿਸਤ੍ਰਿਤ ਬਜ਼ਾਰ ਪਹੁੰਚ** : ECTA ਦੇ ਤਹਿਤ, ਆਸਟ੍ਰੇਲੀਆ ਨੇ ਲਗਭਗ 135 ਉਪ-ਖੇਤਰਾਂ ਵਿੱਚ ਵਚਨਬੱਧਤਾਵਾਂ ਪ੍ਰਗਟਾਈਆਂ ਹਨ।
- **ਵਧੀਆਂ ਗਤੀਵਿਧੀਆਂ ਦੇ ਪ੍ਰਬੰਧ** : ਆਸਟ੍ਰੇਲੀਆ ਨੇ ਇੰਟ੍ਰਾ-ਕਾਰਪੋਰੇਟ ਟ੍ਰਾਂਸਫਰੀਜ਼, ਕਾਂਟ੍ਰੈਕਟ ਸੇਵਾ ਸਪਲਾਇਰਾਂ ਅਤੇ ਫ੍ਰੀਲਾਂਸਰਾਂ ਲਈ ਉੱਚ-ਗੁਣਵੱਤਾ ਵਾਲੇ ਅਸਥਾਈ ਪ੍ਰਵੇਸ਼ ਅਤੇ ਅਸਥਾਈ ਠਹਿਰਣ (ਚਾਰ ਸਾਲਾਂ ਤੱਕ) ਲਈ ਵਚਨਬੱਧਤਾਵਾਂ ਦਾ ਵਿਸਤਾਰ ਕੀਤਾ ਹੈ। ਕਾਰੋਬਾਰੀ ਸੈਲਾਨੀਆਂ ਅਤੇ ਇੰਸਟਾਲਰਾਂ ਅਤੇ ਸੇਵਾਦਾਰਾਂ ਲਈ ਹੋਰ ਵਚਨਬੱਧਤਾਵਾਂ ਕੀਤੀਆਂ ਗਈਆਂ ਹਨ। ਭਾਰਤੀ ਵਿਦਿਆਰਥੀਆਂ ਨੂੰ ਚਾਰ ਸਾਲਾਂ ਤੱਕ ਪੜ੍ਹਾਈ ਤੋਂ ਬਾਅਦ ਦੇ ਕੰਮ ਦੇ ਵੀਜ਼ੇ ਵੀ ਪੇਸ਼ ਕੀਤੇ ਜਾਣਗੇ।
- **ਆਫਸ਼ੋਰ ਟੈਕਸ ਰਾਹਤ** : IAECTA ਅਧੀਨ ਸਮਝੌਤੇ ਦੇ ਅਨੁਸਾਰ,ਆਸਟ੍ਰੇਲੀਆ ਨੇ ਆਪਣੀਆਂ ਤਕਨਾਲੋਜੀ ਸੇਵਾਵਾਂ ਪ੍ਰਦਾਨ ਕਰਨ ਵਾਲੀਆਂ ਭਾਰਤੀ ਫਰਮਾਂ ਦੀ ਆਫਸ਼ੋਰ ਇਨਕਮ 'ਤੇ ਟੈਕਸ ਲਗਾਉਣ ਨੂੰ ਰੋਕਣ ਲਈ ਆਪਣੇ ਘਰੇਲੂ ਟੈਕਸ ਕਾਨੂੰਨ ਵਿੱਚ ਸੋਧ ਕੀਤੀ ਹੈ। ਇਸ ਨਾਲ ਭਾਰਤੀ ਤਕਨਾਲੋਜੀ ਕੰਪਨੀਆਂ ਨੂੰ ਅੰਤਰਰਾਸ਼ਟਰੀ ਬਜ਼ਾਰ ਵਿੱਚ ਆਪਣੀ ਮੁਕਾਬਲੇਬਾਜ਼ੀ ਵਧਾਉਣ ਵਿੱਚ ਮਦਦ ਮਿਲੀ ਹੈ।

**ਮਾਰੀਸ਼ਸ ਨਾਲ ਵਿਆਪਕ ਆਰਥਿਕ ਸਹਿਯੋਗ ਅਤੇ ਭਾਈਵਾਲੀ ਸਮਝੌਤਾ**

ਇਹ ਸਮਝੌਤਾ ਭਾਰਤੀ ਸੇਵਾ ਪ੍ਰਦਾਤਾਵਾਂ ਨੂੰ ਮੁੱਖ ਸੇਵਾ ਉਦਯੋਗਾਂ ਦੇ ਲਗਭਗ 115 ਉਪ - ਖੇਤਰਾਂ ਤੱਕ ਪਹੁੰਚ ਦਿੰਦਾ ਹੈ, ਜਿਸ ਨਾਲ ਮੌਕਿਆਂ ਦਾ ਵਿਸਥਾਰ ਹੁੰਦਾ ਹੈ ਅਤੇ ਦੁਵੱਲੇ ਆਰਥਿਕ ਸਹਿਯੋਗ ਨੂੰ ਮਜ਼ਬੂਤੀ ਮਿਲਦੀ ਹੈ ।

## ਵਿਸ਼ਵਵਿਆਪੀ ਨਿਵੇਸ਼ ਸੇਵਾਵਾਂ ਦੇ ਨਿਰਯਾਤ ਨੂੰ ਵਧਾ ਰਿਹਾ ਹੈ

ਭਾਰਤ ਦੇ ਸੇਵਾ ਖੇਤਰ ਵਿੱਚ ਵਧਦਾ ਵਿਦੇਸ਼ੀ ਨਿਵੇਸ਼ ਵਿਸ਼ਵ ਪੱਧਰੀ ਯੋਗਤਾ ਕੇਂਦਰਾਂ ਦੇ ਤੇਜ਼ੀ ਨਾਲ ਵਿਸਥਾਰ ਅਤੇ ਅੰਤਰਰਾਸ਼ਟਰੀ ਵਪਾਰਕ ਭਾਈਵਾਲੀ ਨੂੰ ਡੂੰਘਾ ਕਰਨ ਦਾ ਸਮਰਥਨ ਕਰ ਰਿਹਾ ਹੈ, ਜਿਸ ਨਾਲ ਵਿਸ਼ਵ ਪੱਧਰ 'ਤੇ ਸੇਵਾਵਾਂ ਪ੍ਰਦਾਨ ਕਰਨ ਲਈ ਭਾਰਤ ਦੀ ਸਥਿਤੀ ਇੱਕ ਪਸੰਦੀਦਾ ਸਥਾਨ ਵਜੋਂ ਮਜ਼ਬੂਤ ਹੋ ਰਹੀਹੈ।

ਵਿੱਤੀ ਸਾਲ 2023 - ਵਿੱਤੀ ਸਾਲ 2025 ਦੌਰਾਨ ਕੁੱਲ FDI ਦਾ ਔਸਤਨ 80.2 ਪ੍ਰਤੀਸ਼ਤ ਸੇਵਾ ਖੇਤਰ ਵਿੱਚ FDI ਰਿਹਾ, ਜੋ ਕਿ ਮਹਾਮਾਰੀ ਤੋਂ ਪਹਿਲਾਂ ਦੇ ਸਮੇਂ ਵਿੱਚ 77.7 ਪ੍ਰਤੀਸ਼ਤ ਸੀ। ਇਹ ਭਾਰਤ ਦੇ ਸੇਵਾਵਾਂ ਦੇ ਨਿਰਯਾਤ ਵਾਤਾਵਰਣ ਪ੍ਰਣਾਲੀ ਵਿੱਚ ਵਧ ਰਹੇ ਨਿਵੇਸ਼ਕਾਂ ਦੇ ਵਿਸ਼ਵਾਸ ਨੂੰ ਦਰਸਾਉਂਦਾ ਹੈ। ਨਿਵੇਸ਼ ਸੂਚਨਾ ਅਤੇ ਸੰਚਾਰ ਸੇਵਾਵਾਂ (25.8 ਪ੍ਰਤੀਸ਼ਤ) ਅਤੇ ਪੇਸ਼ੇਵਰ ਸੇਵਾਵਾਂ (23.8 ਪ੍ਰਤੀਸ਼ਤ) ਵਿੱਚ ਕੇਂਦ੍ਰਿਤ ਸਨ, ਜੋ ਕਿ ਡਿਜੀਟਲ ਅਤੇ ਗਿਆਨ - ਅਧਾਰਿਤ ਗਤੀਵਿਧੀਆਂ ਵਿੱਚ ਭਾਰਤ ਦੀ ਤਾਕਤ ਨੂੰ ਦਰਸਾਉਂਦਾ ਹੈ।

ਇਹ ਖੇਤਰ ਉਜਾਗਰ ਕਰਦੇ ਹਨ ਕਿ ਕਿਵੇਂ ਡਿਜੀਟਲ ਤੌਰ 'ਤੇ ਸਮਰੱਥ ਅਤੇ ਗਿਆਨ - ਅਧਾਰਿਤ ਸੇਵਾਵਾਂ , ਜੋ ਕਿ ਗਲੋਬਲ ਭਾਈਵਾਲੀ ਦੁਆਰਾ ਸਮਰਥਿਤ ਹਨ , ਭਾਰਤ ਦੇ ਵਧ ਰਹੇ ਸੇਵਾ ਨਿਰਯਾਤ ਦੇ ਅਨੁਸਾਰ ਵਿਦੇਸ਼ੀ ਨਿਵੇਸ਼ ਨੂੰ ਚਲਾ ਰਹੀਆਂ ਹਨ।

## ਸਿੱਟਾ

ਭਾਰਤ ਦੇ ਸੇਵਾਵਾਂ ਦੇ ਨਿਰਯਾਤ ਨੇ ਹਾਲ ਹੀ ਦੇ ਸਾਲਾਂ ਵਿੱਚ ਮਜ਼ਬੂਤ ਅਤੇ ਨਿਰੰਤਰ ਵਿਕਾਸ ਦਰਜ ਕੀਤਾ ਹੈ, ਜੋ ਕਿ ਦੇਸ਼ ਦੇ ਬਾਹਰੀ ਖੇਤਰ ਦੇ ਪ੍ਰਦਰਸ਼ਨ ਦੇ ਸਭ ਤੋਂ ਮਜ਼ਬੂਤ ਚਾਲਕਾਂ ਵਿੱਚੋਂ ਇੱਕ ਵਜੋਂ ਉੱਭਰ ਰਿਹਾ ਹੈ। ਇਸ ਆਦੇਸ਼ ਦੇ ਅਨੁਸਾਰ, ਕੇਂਦਰੀ ਬਜਟ 2026-27 ਨਿਸ਼ਾਨਾ ਟੈਕਸ ਸੁਧਾਰਾਂ, ਡਿਜੀਟਲ ਬੁਨਿਆਦੀ ਢਾਂਚੇ ਦੇ ਪ੍ਰੋਤਸਾਹਨ, ਹੁਨਰ ਵਿਕਾਸ ਪਹਿਲਕਦਮੀਆਂ, ਅਤੇ ਭਾਰਤ ਦੇ ਸੇਵਾ ਖੇਤਰ ਦੀ ਵਿਸ਼ਵਵਿਆਪੀ ਮੁਕਾਬਲੇਬਾਜ਼ੀ ਨੂੰ ਵਧਾਉਣ ਦੇ ਉਦੇਸ਼ ਨਾਲ ਉਪਾਵਾਂ ਰਾਹੀਂ ਸੇਵਾਵਾਂ ਦੇ ਨਿਰਯਾਤ ਵਿਕਾਸ ਨੂੰ ਹੋਰ ਮਜ਼ਬੂਤ ਕਰ ਰਿਹਾ ਹੈ।

ਪ੍ਰਤਿਭਾ, ਤਕਨਾਲੋਜੀ ਅਤੇ ਵਿਸ਼ਵਵਿਆਪੀ ਭਾਈਵਾਲੀ ਦੇ ਸੁਮੇਲ ਨਾਲ, ਭਾਰਤ ਦਾ ਸੇਵਾ ਖੇਤਰ ਦੇਸ਼ ਦੇ ਵਿਕਾਸ ਦੀ ਕਹਾਣੀ ਨੂੰ ਵਿਸ਼ਵ ਪੱਧਰ 'ਤੇ ਲੈ ਜਾਣ ਲਈ ਤਿਆਰ ਹੈ।


**ਹਵਾਲਾ**

**ਵਿੱਤ ਮੰਤਰਾਲਾ**

https://www.indiabudget.gov.in/economicsurvey/doc/echapter.pdf

https://www.indiabudget.gov.in/doc/budget_speech.pdf

https://www.pib.gov.in/PressReleasePage.aspx?PRID=2219981®=3&lang=2

https://incometaxindia.gov.in/Rules/Income-Tax%20Rules/103120000000007832.htm

https://www.indianembassyusa.gov.in/pdf/advance_pricing_agreement_guidance_with_faqs_(tpi-43).pdf

https://incometaxindia.gov.in/Rules/Income-Tax%20Rules/103120000000007189.htm

### ਵਣਜ ਅਤੇ ਉਦਯੋਗ ਮੰਤਰਾਲਾ

https://www.pib.gov.in/PressReleasePage.aspx?PRID=2228785®=3&lang=1

https://www.pib.gov.in/PressReleasePage.aspx?PRID=2219146®=3&lang=1

https://static.pib.gov.in/WriteReadData/specificdocs/documents/2025/dec/doc20251218737701.pdf

https://www.pib.gov.in/PressReleasePage.aspx?PRID=2207583®=3&lang=2

https://www.pib.gov.in/PressReleasePage.aspx?PRID=2173138®=3&lang=2

https://www.pib.gov.in/PressReleasePage.aspx?PRID=1812730®=3&lang=1

https://www.pib.gov.in/PressReleaseIframePage.aspx?PRID=1708794®=3&lang=2

https://www.pib.gov.in/PressReleasePage.aspx?PRID=2220413®=3&lang=2

https://www.commerce.gov.in/wp-content/uploads/2026/03/FTAs-achievement.pdf

https://www.pib.gov.in/PressNoteDetails.aspx?NoteId=156654&ModuleId=3®=3&lang=2

### ਭਾਰਤੀ ਰਿਜ਼ਰਵ ਬੈਂਕ

https://rbidocs.rbi.org.in/rdocs/PressRelease/PDFs/PR1208964F52A6DCBA464A91D091157FBCEC65.PDF

https://rbidocs.rbi.org.in/rdocs/PressRelease/PDFs/PR14286754E6C89EA04E6FBCE6626CE3CDF389.PDF

https://rbidocs.rbi.org.in/rdocs/PressRelease/PDFs/PR21919AC9681140584EFDB0D359321C6149A5.PDF

### ਅੰਤਰਰਾਸ਼ਟਰੀ ਸੰਸਥਾ

https://www.imf.org/en/news/articles/2026/01/28/cf-business-growth-and-innovation-can-boost-indias-productivity

https://unctad.org/system/files/official-document/tir2025ch3_en.pdf

https://documents1.worldbank.org/curated/en/099112525160536089/pdf/P505350-59c98ca8-0803-4f23-b470-17f3dab010ab.pdf

https://financing.desa.un.org/sites/default/files/2024-10/CRP%2024%20APA%20FAQs%20ਅੰਤਿਕਾ%20A%20.pdf

https://www.ilo.org/publications/major-publications/care-work-investing-care-leave-and-services-more-gender-equal-world-work

ਪੀਆਈਬੀ ਰਿਸਰਚ

*****

**ਪੀਕੇ / ਕੇਸੀ / ਐੱਮਐੱਸ /ਏਕੇ**